ਡਾ. ਨਛੱਤਰ ਸਿੰਘ
ਕੰਟਰੋਲਰ (ਪ੍ਰੀਖਿਆਵਾਂ)

ਪੰਜਾਬ ਟੈਕਨੀਕਲ ਯੂਨੀਵਰਸਿਟੀ
ਜਲੰਧਰ-ਕਪੂਰਥਲਾ ਹਾਈਵੇ, ਕਪੂਰਥਲਾ
ਫੋਨ ਨੰ: 01822-662527
ਈਮੇਲ: coeptu@gmail.com

ਹਵਾਲਾ ਨੰ: ਪੀ.ਟੀ.ਯੂ./ਮਈ10/016 *ਮਿਤੀ :* 08/07/2010

**ਸਾਰੇ ਪ੍ਰਿੰਸੀਪਲ/ਡਾਇਰੈਕਟਰ**
**ਪੀ.ਟੀ.ਯੂ.ਤੋਂ ਮਾਨਤਾ ਪ੍ਰਾਪਤ ਕਾਲਜ**

**ਵਿਸ਼ਾ:-ਰੀ-ਇਵੈਲੂਏਸ਼ਨ ਦੇ ਫਾਰਮ ਆਨਲਾਈਨ ਜਮ੍ਹਾਂ ਕਰਾਉਣ ਸਬੰਧੀ।**

ਯੂਨੀਵਰਸਿਟੀ ਵਲੋਂ ਇਹ ਫੈਸਲਾ ਕੀਤਾ ਗਿਆ ਹੈ ਕਿ ਮਈ 2010 ਇਮਤਿਹਾਨ ਦੇ ਰੀ-ਇਵੈਲੂਏਸ਼ਨ ਦੇ ਫਾਰਮ ਆਨਲਾਈਨ ਜਮ੍ਹਾਂ ਕਰਵਾਏ ਜਾਣਗੇ।ਜਿਸ ਦੀ ਡਿਟੇਲ ਹੇਠ ਲਿਖੇ ਅਨੁਸਾਰ ਹੈ:-

1. ਮਈ 2010 ਇਮਤਿਹਾਨ ਦੇ ਫਾਰਮ ਭਰਦੇ ਸਮੇਂ ਇਹ ਧਿਆਨ ਵਿੱਚ ਆਇਆ ਹੈ ਕਿ ਕਈ ਵਿਦਿਆਰਥੀਆਂ ਵਲੋਂ ਫਾਰਮ ਭਰ ਦਿੱਤੇ ਗਏ ਸਨ ਪਰ ਉਨ੍ਹਾਂ ਵਲੋਂ ਫਾਰਮ ਸੰਸਥਾ ਵਿੱਚ ਜਮ੍ਹਾਂ ਨਹੀਂ ਕਰਵਾਏ ਗਏ।ਇਸ ਲਈ ਇਸ ਤਜਰਬੇ ਤੋਂ ਬਾਅਦ ਇਹ ਫੈਸਲਾ ਕੀਤਾ ਗਿਆ ਹੈ ਰੀ-ਇਵੈਲੂਏਸ਼ਨ ਦੇ ਫਾਰਮ ਭਰਨ ਦੀ ਸੁਵਿਧਾ ਸੰਸਥਾ ਦੇ ਅਕਾਉਂਟ ਵਿੱਚ ਦਿੱਤੀ ਗਈ ਹੈ।
2. ਸੰਸਥਾ ਨੂੰ ਇਹ ਵੀ ਸੁਵਿਧਾ ਦਿੱਤੀ ਗਈ ਹੈ ਕਿ ਉਹ ਸਬੰਧਤ ਵਿਭਾਗੀ ਮੁੱਖੀ ਨੂੰ ਵੀ ਰੀ-ਇਵੈਲੂਏਸ਼ਨ ਦੇ ਫਾਰਮ ਭਰਨ ਦੀ ਸੁਵਿਧਾ ਦੇ ਸਕਦੇ ਹਨ,ਤਾਂ ਕਿ ਵਿਦਿਆਰਥੀਆਂ ਦੇ ਫਾਰਮ ਠੀਕ ਢੰਗ ਨਾਲ ਭਰਵਾਏ ਜਾ ਸਕਣ।
3. ਵਿਦਿਆਰਥੀਆਂ ਕੋਲੋਂ 500 ਰੁਪਏ ਪ੍ਰਤੀ ਵਿਸ਼ੇ ਦੇ ਹਿਸਾਬ ਨਾਲ ਰੀ-ਇਵੈਲੂਏਸ਼ਨ ਫੀਸ ਲਈ ਜਾਵੇਗੀ,ਕਿਸੇ ਵੀ ਵਿਦਿਆਰਥੀ ਕੋਲੋਂ ਫਾਰਮ ਦੀ ਕੀਮਤ ਨਾ ਲਈ ਜਾਵੇ।
4. ਸੰਸਥਾ ਵਲੋਂ ਰੀ-ਇਵੈਲੂਏਸ਼ਨ ਫਾਰਮ ਸਮੈਸਟਰ ਵਾਈਜ਼ ਆਖਰੀ ਮਿਤੀ ਤੋਂ ਤਿੰਨ ਦਿਨ ਬਾਅਦ ਯੂਨੀਵਰਸਿਟੀ ਦੀ ਗੁਪਤ ਸ਼ਾਖਾ ਵਿੱਚ ਜਮ੍ਹਾਂ ਕਰਵਾਏ ਜਾਣੇ ਜ਼ਰੂਰੀ ਹਨ।ਸੰਸਥਾ ਵਲੋਂ ਵਿਦਿਆਰਥੀਆਂ ਕੋਲੋਂ ਲਈ ਗਈ ਫੀਸ ਯੂਨੀਵਰਸਿਟੀ ਵਿੱਚ ਡਰਾਫਟ ਨਾਲ ਜਮ੍ਹਾਂ ਕਰਵਾਈ ਜਾਵੇ।
5. ਰੀ-ਇਵੈਲੂਏਸ਼ਨ ਫਾਰਮ ਪ੍ਰਿੰਟ ਕਰਨ ਦੀ ਸੁਵਿਧਾ ਸਮੈਸਟਰ ਵਾਈਜ ਦਿੱਤੀ ਗਈ ਹੈ ਕਿਉਂਕਿ ਯੂਨੀਵਰਸਿਟੀ ਵਲੋਂ ਰਿਜਲਟ ਸਮੈਸਟਰ ਵਾਈਜ਼ ਘੋਸ਼ਿਤ ਕੀਤੇ ਜਾਂਦੇ ਹਨ।
6. ਰੀ-ਇਵੈਲੂਏਸ਼ਨ ਅਪਲਾਈ ਕਰਨ ਲਈ ਵਿਦਿਆਰਥੀ ਦੇ ਸਬੰਧਤ ਵਿਸ਼ੇ ਵਿਚੋਂ ਘੱਟੋ-ਘੱਟ 25% ਨੰਬਰ ਪ੍ਰਾਪਤ ਕੀਤੇ ਹੋਣੇ ਜਰੂਰੀ ਹਨ ।
7. ਆਨਲਾਈਨ ਫਾਰਮ ਕਰਕੇ ਵਿਦਿਆਰਥੀਆਂ ਵੱਲੋਂ ਰੀ-ਇਵੈਲੂਏਸ਼ਨ ਦੇ ਫਾਰਮ ਭਰਨ ਦਾ ਸਮਾ 21 ਦਿਨ ਤੋਂ ਘਟਾ ਕੇ 15 ਦਿਨ ਕੀਤਾ ਗਿਆ ਹੈ ਤਾਂ ਕਿ ਵਿਦਿਆਰਥੀਆਂ ਦੇ ਰੀ-ਇਵੈਲੂਏਸ਼ਨ ਦਾ ਰਿਜਲਟ ਜਲਦੀ ਘੋਸ਼ਿਤ ਕੀਤਾ ਜਾ ਸਕੇ ।

ਉਪਰੋਕਤ ਸਿਸਟਮ ਵਿੱਚ ਜੇਕਰ ਕਿਸੇ ਤਰ੍ਹਾਂ ਦੀ ਮੁਸ਼ਕਿਲ ਪੇਸ਼ ਆਉਂਦੀ ਹੋਵੇ ਤਾਂ ਸ਼੍ਰੀ ਵੀ.ਪੀ.ਸ਼ਰਮਾ, ਕਲਰਕ- 95011-09051 ਨਾਲ ਸੰਪਰਕ ਕੀਤਾ ਜਾ ਸਕਦਾ ਹੈ।

ਕੰਟਰੋਲਰ (ਪ੍ਰੀਖਿਆਵਾਂ)